**ਪੰਜਾਬ ਸਰਕਾਰ**

**ਸਿੱਖਿਆ ਵਿਭਾਗ**

**(ਸਿੱਖਿਆ- 5 ਸ਼ਾਖਾ)**

**ਹੁਕਮ**

DGSE (m-ntg)
27-9-18
DM-MIS

1.0 ਇਹ ਕਿ ਸ੍ਰੀ ਤਾਰਾ ਚੰਦ ਸ਼ਰਮਾ,ਹਿੰਦੀ ਮਾਸਟਰ (ਹੁਣ ਜਬਰੀ ਰਿਟਾਇਰ), ਸਰਕਾਰੀ ਮਿਡਲ ਸਕੂਲ ਸੁੱਜੋ, ਕੰਪ: ਸਰਕਾਰੀ ਹਾਈ ਸਕੂਲ ਸੂਰਾਪੁਰ, ਸ਼ਹੀਦ ਭਗਤ ਸਿੰਘ ਨਗਰ, ਪਤਾ ਪਿੰਡ ਤੇ ਡਾਕਖਾਨਾ ਡਘਾਮ, ਤਹਿ. ਗੜ੍ਹਸ਼ੰਕਰ, ਜਿਲਾ ਹੁਸਿਆਰਪੁਰ ਵੱਲੋ ਅੱਠਵੀਂ ਜਮਾਤ ਦੀ ਵਿਦਿਆਰਥਣ ਨਾਲ ਅਸਲੀਲ ਛੇੜ-ਛਾੜ ਕਰਨ ਦੇ ਦੋਸ਼ ਵਿਚ ਡੀ.ਪੀ.ਆਈ. (ਸੈਸਿ) ਪੰਜਾਬ ਦੇ ਹੁਕਮ ਨੰ: 10/56-12 ਅ3(1) ਮਿਤੀ 17-09-2014 ਰਾਹੀ ਜਬਰੀ ਰਿਟਾਇਰ ਕੀਤਾ ਗਿਆ ਸੀ । ਡੀ.ਪੀ.ਆਈ. (ਸੈਸਿ),ਪੰਜਾਬ ਦੇ ਹੁਕਮਾਂ ਵਿਰੁੱਧ ਉਸ ਵਲੋ ਮਾਨਯੋਗ ਰਾਜਪਾਲ, ਪੰਜਾਬ ਨੂੰ ਮੈਮੋਰੀਅਲ/ਅਪੀਲ ਕੀਤੀ ਸੀ ।

2.0 ਇਹ ਕਿ ਸ੍ਰੀ ਤਾਰਾ ਚੰਦ ਸ਼ਰਮਾ, ਹਿੰਦੀ ਮਾਸਟਰ (ਹੁਣ ਜਬਰੀ ਰਿਟਾਇਰ), ਵਲੋ ਇਨ੍ਹਾਂ ਹੁਕਮਾਂ ਦੇ ਵਿਰੁਧ ਮਿਤੀ 20-12-2014 ਨੂੰ ਸਰਕਾਰ ਨੂੰ ਅਪੀਲ ਕੀਤੀ ਗਈ ਸੀ । ਜਿਸ ਸਬੰਧੀ ਮਿਤੀ 05-02-2015 ਨੂੰ ਨਿਜੀ ਸੁਣਵਾਈ ਦੇਣ ਉਪਰੰਤ ਸਰਕਾਰ ਦੇ ਹੁਕਮ ਮਿਤੀ 05-02-15 ਜਾਰੀ ਮਿਤੀ 13-03-2015 ਰਾਹੀ ਅਪੀਲ ਰੱਦ ਕੀਤੀ ਗਈ ਅਤੇ ਡੀ.ਪੀ.ਆਈ. (ਸੈਸਿ), ਪੰਜਾਬ ਦੇ ਹੁਕਮਾਂ ਨੂੰ ਬਰਕਰਾਰ ਰੱਖਿਆ ਗਿਆ । ਪ੍ਰਾਰਥੀ ਵਲੋ ਮਿਤੀ 10-3-15 ਨੂੰ ਮੁੜ ਦੁਜੀ ਅਪੀਲ ਪਾਈ ਗਈ ਸੀ । ਸਰਕਾਰ ਵਲੋ ਇਸ ਅਪੀਲ ਨੂੰ ਮੁੜ ਵਿਚਾਰ ਕਰਨ ਉਪਰੰਤ ਪ੍ਰਾਰਥੀ ਵਲੋ ਇਸ ਅਪੀਲ ਵਿੱਚ ਕੋਈ ਵੀ ਹੋਰ ਨਵਾਂ ਤੱਥ ਪੇਸ ਨਾਂ ਕਰਨ ਤੇ ਹੁਕਮ ਮਿਤੀ 14-07-15 ਰਾਹੀ ਇਸ ਅਪੀਲ ਨੂੰ ਦਾਖਲ ਦਫਤਰ ਕਰਦੇ ਹੋਏ ਉਸਨੂੰ ਇਨ੍ਹਾਂ ਹੁਕਮਾਂ ਵਿਰੁੱਧ ਮਾਨਯੋਗ ਰਾਜਪਾਲ, ਪੰਜਾਬ ਜੀ ਨੂੰ ਮੈਮੋਰੀਅਲ ਨਜਰਸ਼ਾਨੀ ਕਰਨ ਲਈ ਸਲਾਹ ਦਿੱਤੀ ਗਈ ਸੀ।

3.0 ਇਹ ਕਿ ਸ੍ਰੀ ਤਾਰਾ ਚੰਦ ਸ਼ਰਮਾ, ਹਿੰਦੀ ਮਾਸਟਰ (ਹੁਣ ਜਬਰੀ ਰਿਟਾਇਰ), ਸਰਕਾਰੀ ਮਿਡਲ ਸਕੂਲ ਸੁੱਜੋ, ਕੰਪ: ਸਰਕਾਰੀ ਹਾਈ ਸਕੂਲ ਸੂਰਾਪੁਰ, ਸ਼ਹੀਦ ਭਗਤ ਸਿੰਘ ਨਗਰ, ਵਲੋ ਮਾਨਯੋਗ ਰਾਜਪਾਲ, ਪੰਜਾਬ ਜੀ ਨੂੰ ਮਿਤੀ 06-08-2015 ਨੂੰ ਮੈਮੋਰੀਅਲ/ਅਪੀਲ ਦਿਤੀ ਗਈ ਸੀ ਜੋ ਕਿ ਪ੍ਰੱਮੁਖ ਸਕਤਰ ਰਾਜਪਾਲ, ਪੰਜਾਬ ਵਲੋ ਪੱਤਰ ਨੰ: 7/2/2015-2ਜੀ/ਪਰਭ /5405 ਮਿਤੀ 19-10-2015 ਰਾਹੀ ਪ੍ਰਾਪਤ ਹੋਣ ਤੇ ਵਿਚਾਰਨ ਉਪਰੰਤ ਇਹ ਮਿਸਲ ਤਥਾਂ ਅਤੇ ਰਿਕਾਰਡ ਨਾਲ ਨਿਯਮਾਂ ਅਧੀਨ ਮਾਨਯੋਗ ਰਾਜਪਾਲ, ਪੰਜਾਬ ਜੀ ਨੂੰ ਭੇਜੀ ਗਈ ਸੀ । ਜਿਸ ਦੇ ਸਬੰਧ ਵਿਚ ਮਾਨਯੋਗ ਰਾਜਪਾਲ, ਪੰਜਾਬ ਵਲੋ ਇਸ ਕੇਸ ਵਿਚ ਮਿਤੀ 05-07-2018 ਨੂੰ ਦਿੱਤੀ ਨਿਜੀ ਸੁਣਵਾਈ ਦੌਰਾਨ ਹਾਜਰ ਹੋਏ ਪ੍ਰਾਰਥੀ, ਵਿਭਾਗ ਦੇ ਨੁਮਾਇੰਦਿਆ ਵਲੋ ਬਿਆਨ ਕੀਤੀ ਸਥਿਤੀ ਅਤੇ ਰਿਕਾਰਡ ਵਿਚ ਉਪਲਬਧ ਸੂਚਨਾ ਦੇ ਅਧਾਰ ਤੇ ਨਜਰਸ਼ਾਨੀ ਕਰਨ ਉਪਰੰਤ ਮਾਨਯੋਗ ਰਾਜਪਾਲ, ਪੰਜਾਬ ਵਲੋ ਆਦੇਸ ਦਿਤੇ ਸਨ ਕਿ ਪ੍ਰਾਰਥੀ ਨੂੰ ਇਕ ਹੋਰ ਨਿਜੀ ਸੁਣਵਾਈ ਦੇਣ ਉਪਰੰਤ ਇਹ ਕੇਸ ਮਾਨਯੋਗ ਸਿੱਖਿਆ ਮੰਤਰੀ ਜੀ ਦੇ ਪੱਧਰ ਤੇ ਡਿਸਾਇਡ ਕਰਕੇ ਡਿਸਪੋਜ ਆਫ ਕੀਤਾ ਜਾਵੇ ।

4.0 ਇਹ ਕਿ ਸ੍ਰੀ ਤਾਰਾ ਚੰਦ ਸ਼ਰਮਾ, ਹਿੰਦੀ ਮਾਸਟਰ (ਹੁਣ ਜਬਰੀ ਰਿਟਾਇਰ), ਸਰਕਾਰੀ ਮਿਡਲ ਸਕੂਲ ਸੁੱਜੋ, ਕੰਪ: ਸਰਕਾਰੀ ਹਾਈ ਸਕੂਲ ਸੂਰਾਪੁਰ, ਸ਼ਹੀਦ ਭਗਤ ਸਿੰਘ ਨਗਰ, ਨੂੰ ਮਾਨਯੋਗ ਰਾਜਪਾਲ, ਪੰਜਾਬ ਜੀ ਦੇ ਆਦੇਸ਼ਾ ਅਨੁਸਾਰ ਪ੍ਰਾਰਥੀ ਨੂੰ ਮਿਤੀ 01-08-2018 ਨੂੰ ਨਿਜੀ ਸੁਣਵਾਈ ਦਾ ਮੌਕਾ ਦਿੱਤਾ ਗਿਆ । ਨਿਜੀ ਸੁਣਵਾਈ ਦੌਰਾਨ ਪ੍ਰਾਰਥੀ ਵਲੋ ਦਸਿਆ ਗਿਆ ਕਿ ਪਿੰਡ ਦੀ ਗੁਟਾਂ ਦੀ ਆਪਸੀ ਰੰਜਿਸ ਕਾਰਣ ਉਸਨੂੰ ਝੂਠਾ ਫਸਾਇਆ ਗਿਆ ਹੈ । ਇਸਲਈ ਫੈਸਲਾ ਕੀਤਾ ਗਿਆ ਕਿ ਪ੍ਰਾਰਥੀ ਘਟਨਾਂ ਦੇ ਸਾਰੇ ਗਵਾਹਾਂ ਅਤੇ ਸਿਕਾਇਤਕਰਤਾ(ਵਿਦਿਆਰਥਣ) ਨਾਂ ਸਬੰਧੀ ਦੱਸੇ ਤਾਂ ਜੋ ਉਨ੍ਹਾਂ ਨੂੰ ਨਿਜੀ ਸੁਣਵਾਈ ਵਿੱਚ ਸ਼ਾਮਲ ਕੀਤਾ ਜਾ ਸਕੇ । ਪ੍ਰਾਰਥੀ ਵਲੋ ਪ੍ਰਤੀਬੇਨਤੀ ਰਾਹੀ ਘਟਨਾਂ ਦੇ ਸਾਰੇ ਸਬੰਧਤਾ ਦੇ ਨਾਂ ਦਸੇ ਗਏ । ਸਰਕਾਰ ਵਲੋ ਮਿਤੀ 13-08-2018 ਨੂੰ ਘਟਨਾਂ ਦੇ ਸਾਰੇ ਗਵਾਹਾਂ ਅਤੇ ਸ਼ਿਕਾਇਤਕਰਤਾ(ਵਿਦਿਆਰਥਣ) ਨੂੰ ਮਿਤੀ 20-08-2018 ਨੂੰ ਰੱਖੀ ਨਿਜੀ ਸੁਣਵਾਈ ਵਿੱਚ ਸ਼ਾਮਲ ਹੋਣ ਲਈ ਨੋਟਿਸ ਜਾਰੀ ਕੀਤਾ ਗਿਆ ।

373740 28/9/18

5.0 ਇਹ ਕਿ ਮਿਤੀ 20-08-2018 ਨੂੰ ਨਿਜੀ ਸੁਣਵਾਈ ਦੌਰਾਨ ਪੇਸ਼ ਹੋਏ ਕੇਸ ਨਾਲ ਸਬੰਧਤ 12 ਵਿਅਕਤੀਆਂ/ਗਵਾਹ, ਸਿਕਾਇਤਕਰਤਾ(ਵਿਦਿਆਰਥਣ) ਅਤੇ ਉਸਦੇ ਮਾਤਾ ਪਿਤਾ ਨੂੰ ਵਿਸਤਾਰ ਵਿਚ ਸੁਣਿਆ ਗਿਆ ।

6.0 ਇਹ ਕਿ ਨਿਜੀ ਸੁਣਵਾਈ ਦੌਰਾਨ ਸ੍ਰੀ ਤਾਰਾ ਚੰਦ ਸ਼ਰਮਾ, ਹਿੰਦੀ ਮਾਸਟਰ (ਹੁਣ ਜਬਰੀ ਰਿਟਾਇਰ), ਸਰਕਾਰੀ ਮਿਡਲ ਸਕੂਲ ਸੁੱਜੋ, ਕੰਪ: ਸਰਕਾਰੀ ਹਾਈ ਸਕੂਲ ਸੂਰਾਪੁਰ, ਸ਼ਹੀਦ ਭਗਤ ਸਿੰਘ ਨਗਰ ਵਿਰੁਧ ਸ਼ਿਕਾਇਤਕਰਤਾ(ਵਿਦਿਆਰਥਣ) ਵਲੋ ਲਗਾਏ ਦੋਸ਼ਾਂ ਨੂੰ ਝੁਠਲਾ ਨਹੀਂ ਸਕਿਆ ਅਤੇ ਸਿਕਾਇਤਕਰਤਾ(ਵਿਦਿਆਰਥਣ) ਵਲੋ ਸਾਰੀ ਘਟਨਾਂ ਨੂੰ ਸੁਣਵਾਈ ਦੌਰਾਨ ਦੁਬਾਰਾ ਦੋਹਰਾਇਆ ਗਿਆ । ਸੁਣਵਾਈ ਦੌਰਾਨ ਪੇਸ ਹੋਏ 12 ਵਿਅਕਤੀਆਂ/ਗਵਾਹਾਂ ਵਿਚੋ ਕਿਸੇ ਇਕ ਵਲੋ ਵੀ ਪ੍ਰਾਰਥੀ ਦੇ ਹੱਕ ਵਿਚ ਬਿਆਨ ਨਹੀਂ ਦਿੱਤਾ ਅਤੇ ਇਸ ਮਾਮਲੇ ਨੂੰ ਲੋਕਲ ਝਗੜੇ ਤੋ ਬਾਹਰ ਦੱਸਿਆ ਗਿਆ । ਇਸਲਈ ਇਹ ਇਕ ਸੀਰੀਅਸ ਮਾਮਲਾ ਹੋਣ ਕਰਕੇ ਪ੍ਰਾਰਥੀ ਨੂੰ ਰਲੀਫ ਨਹੀਂ ਦਿੱਤਾ ਜਾ ਸਕਦਾ ਹੈ । ਇਸਲਈ ਪ੍ਰਾਰਥੀ ਵਲੋ ਮਿਤੀ 06-08-2015 ਨੂੰ ਮਾਨਯੋਗ ਰਾਜਪਾਲ, ਪੰਜਾਬ ਨੂੰ ਪੇਸ ਕੀਤੇ ਮੈਮੋਰੀਅਲ/ਅਪੀਲ ਨੂੰ ਦਾਖਲ ਦਫਤਰ ਕੀਤਾ ਜਾਂਦਾ ਹੈ ਅਤੇ ਡੀ.ਪੀ.ਆਈ. (ਸੈਸਿ), ਪੰਜਾਬ ਵਲੋ ਪਹਿਲਾਂ ਕੀਤੇ ਹੁਕਮਾਂ ਨੂੰ ਬਰਕਰਾਰ ਰੱਖਿਆ ਜਾਂਦਾ ਹੈ ।

ਕ੍ਰਿਸ਼ਨ ਕੁਮਾਰ
ਸਕੱਤਰ ਸਕੂਲ ਸਿੱਖਿਆ, ਪੰਜਾਬ

ਮਿਤੀ, ਚੰਡੀਗੜ੍ਹ:
31-08-2018

ਪਿਠ ਅੰਕਣ ਨੰ: 3/1/2015-4ਸਿ5/ 13/8041/1-4 ਮਿਤੀ, ਚੰਡੀਗੜ 14/9/18

ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ :-

ਰਜਿ. 1. ਪ੍ਰਮੁੱਖ ਸਕੱਤਰ, ਰਾਜਪਾਲ, ਪੰਜਾਬ, ਪੰਜਾਬ ਰਾਜਭਵਨ, ਚੰਡੀਗੜ ਨੂੰ ਉਨ੍ਹਾਂ ਦੇ ਪੱਤਰ ਨੰ: 5068 ਮਿਤੀ 12-7-2018 ਦੇ ਹਵਾਲੇ ਵਿਚ ।

ਰਜਿ. 2. ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ), ਪੰਜਾਬ ਪੰ.ਸ.ਸਿ.ਬੋਰਡ, ਕੰਪ:ਫੇਸ-8, ਮੋਹਾਲੀ ਨੂੰ ਸਰਕਾਰ ਦੇ ਪੱਤਰ ਨੰ:3/1/2015-4ਸਿ5/437028/1-4 ਮਿਤੀ 13-03-2015 ਦੇ ਹਵਾਲੇ ਵਿਚ ।

ਰਜਿ. 3 ਜਿਲਾ ਸਿੱਖਿਆ ਅਫਸਰ (ਸੈਸਿ), ਸ਼ਹੀਦ ਭਗਤ ਸਿੰਘ ਨਗਰ ਨੂੰ ਸਰਕਾਰ ਦੇ ਪੱਤਰ ਨੰ: 3/1/2015-4ਸਿ5/437028/1-4 ਮਿਤੀ 13-03-2015 ਦੇ ਹਵਾਲੇ ਵਿਚ।

ਰਜਿ. 4. ਸ੍ਰੀ ਤਾਰਾ ਚੰਦ ਸ਼ਰਮਾ,ਹਿੰਦੀ ਮਾਸਟਰ (ਹੁਣ ਜਬਰੀ ਰਿਟਾਇਰ), ਪਿੰਡ ਤੇ ਡਾਕਖਾਨਾ ਡਘਾਮ, ਤਹਿ. ਗੜ੍ਹਸ਼ੰਕਰ, ਜਿਲਾ ਹੁਸਿਆਰਪੁਰ ਨੂੰ ਉਸ ਦੇ ਮੈਮੋਰੀਅਲ/ਅਪੀਲ ਮਿਤੀ 06-08-2015 ਦੇ ਹਵਾਲੇ ਵਿੱਚ ।

ਸੁਪਰਡੰਟ

<u>ਅੰਦਰੂਨੀ ਵੰਡ:</u>

1. ਨਿ.ਸ./ਸ.ਸ.ਸਿ.
2. ਪੀ.ਏ./ਵਿ.ਸ.ਸ.ਸਿ.
3. ਡੀ.ਜੀਐਸ.ਈ. ਪੰਜਾਬ, ਵੈਬ ਸਾਈਟ ਤੇ ਪਾਉਣ ਲਈ
4. ਰਿਕਾਰਡ, ਸਿੱਖਿਆ-5 ਸ਼ਾਖਾ